# ਕੋਵਿਡ-19 ਲਈ ਸੰਪਰਕਾਂ ਨੂੰ ਟ੍ਰੇਸ ਕਰਨਾ
# ਮੈਨੂੰ ਕੀ ਪੁੱਛਿਆ ਜਾ ਸਕਦਾ ਹੈ?



## ਮੇਰੀ ਕੋਵਿਡ-19 ਦੀ ਜਾਂਚ ਦਾ ਨਤੀਜਾ ਸਕਾਰਾਤਮਕ ਆਇਆ ਹੈ

1. ਆਪਣੇ ਨਾਮ, ਪਤੇ, ਜਨਮ-ਦਿਨ, ਅਤੇ ਨਸਲ/ਜਾਤ ਦੀ ਪੁਸ਼ਟੀ ਕਰੋ।
2. ਤੁਹਾਨੂੰ ਕੀ ਲੱਗਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਕੋਵਿਡ-19 ਦੇ ਸੰਪਰਕ ਵਿੱਚ ਆਏ ਸੀ?
3. ਜਦੋਂ ਤੁਸੀਂ ਸੰਕ੍ਰਮਿਤ ਸੀ ਤਾਂ ਤੁਸੀਂ ਕਿੱਥੇ-ਕਿੱਥੇ ਗਏ?
4. ਕਿਰਪਾ ਕਰਕੇ ਉਹਨਾਂ ਲੋਕਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਦਿਓ ਜਿੰਨ੍ਹਾਂ ਦੇ ਸੰਪਰਕ ਵਿੱਚ ਤੁਸੀਂ ਹਾਲ ਹੀ ਵਿੱਚ ਆਏ ਹੋ।

## ਮੈਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਇਆ/ਆਈ ਹਾਂ ਜਿਸ ਦੀ ਕੋਵਿਡ-19 ਜਾਂਚ ਦਾ ਨਤੀਜਾ ਸਕਾਰਾਤਮਕ ਹੈ

1. ਆਪਣੇ ਨਾਮ, ਪਤੇ, ਜਨਮ-ਦਿਨ, ਅਤੇ ਨਸਲ/ਜਾਤ ਦੀ ਪੁਸ਼ਟੀ ਕਰੋ।
2. ਕੀ ਤੁਹਾਨੂੰ ਕੋਵਿਡ-19 ਦੇ ਲੱਛਣ ਹਨ?

## ਇੰਟਰਵਿਊ ਵਿੱਚ ਹੇਠਲੀ ਜਾਣਕਾਰੀ ਬਾਰੇ ਨਹੀਂ ਪੁੱਛਿਆ ਜਾਏਗਾ

- ਤੁਹਾਡੇ ਇਮੀਗ੍ਰੇਸ਼ਨ ਸਟੇਟਸ ਬਾਰੇ।
- ਤੁਹਾਡੇ ਸਮਾਜਕ ਸੁਰੱਖਿਆ ਨੰਬਰ ਬਾਰੇ।
- ਤੁਹਾਡੀ ਵਿੱਤ ਜਾਣਕਾਰੀ ਬਾਰੇ।
- ਇਹ ਕਿ ਤੁਸੀਂ ਕਿਸ ਵਿਅਕਤੀ ਤੋਂ ਕੋਵਿਡ-19 ਦੇ ਸੰਕ੍ਰਮਣ ਵਿੱਚ ਆਏ।

**ਜਦੋਂ ਇੰਟਰਵਿਊ ਖਤਮ ਹੋ ਜਾਏਗਾ, ਤਾਂ ਇੰਟਰਵਿਊ ਲੈਣ ਵਾਲਾ ਵਿਅਕਤੀ ਤੁਹਾਨੂੰ ਸੰਸਾਧਨਾਂ ਦੇ ਨਾਲ ਸੰਪਰਕ ਕਰਵਾਏਗਾ ਅਤੇ ਤੁਹਾਨੂੰ ਇਸ ਬਾਰੇ ਜਾਣਕਾਰੀ ਦਏਗਾ ਕਿ ਹੁਣ ਅੱਗੇ ਕੀ ਕਰਨਾ ਹੈ।**

**ਧਿਆਨ ਦਿਓ**: ਤੁਹਾਡੀ ਭਾਗੀਦਾਰੀ ਸਵੈ-ਇੱਛਤ ਹੈ। ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਹਰੇਕ ਜਾਣਕਾਰੀ ਨੂੰ ਗੁਪਤ ਰੱਖਿਆ ਜਾਏਗਾ ਅਤੇ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਨੂੰ ਕਨੂੰਨ ਵੱਲੋਂ ਸੁਰੱਖਿਅਤ ਕੀਤਾ ਜਾਏਗਾ। ਦੁਭਾਸ਼ੀਆ ਸੇਵਾਵਾਂ ਉਪਲਬਧ ਹਨ।

ਵਧੇਰੀ ਜਾਣਕਾਰੀ ਦੇ ਲਈ **DOH.WA.GOV/Coronavirus** 'ਤੇ ਜਾਓ।
ਕਿਸੇ ਹੋਰ ਫਾਰਮੈਟ ਵਿੱਚ ਇਹ ਡਾਕਿਊਮੈਂਟ ਪ੍ਰਾਪਤ ਕਰਨ ਦੇ ਲਈ, 1-800-525-0127 'ਤੇ ਕਾਲ ਕਰੋ। ਬੋਲੇ ਜਾਂ ਉੱਚਾ ਸੁਣਨ ਵਾਲੇ ਗਾਹਕ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ

Washington State Department of Health

DOH 820-092 August 2020 Punjabi